# ਗਦਰੀ ਬਾਬਿਆਂ ਦੇ ਮੇਲੇ ਵਿਚ ਨਾਟਕਾਂ ਦੀ ਧੁੰਮ

ਕਲਾ ਅਤੇ ਸਾਹਿਤ ਦੇ ਖੇਤਰ ਵਿਚ ਕਦੀ ਕਦੀ ਕੁਝ ਐਸਾ ਵਾਪਰਦਾ ਹੈ ਜੋ ਆਪਣੀ ਅਮਿੱਟ ਛਾਪ ਛੱਡਦਾ ਹੈ। ਪੰਜਾਬੀ ਨਾਟਕ ਦੇ ਖੇਤਰ ਵਿਚ ਇਹ ਕੁਝ ਪਹਿਲੀ ਨਵੰਬਰ, 1998 ਨੂੰ ਗਦਰੀ ਬਾਬਿਆਂ ਦੇ ਮੇਲੇ ਵਿਚ ਵਾਪਰਿਆ, ਜਦੋਂ ਇਕ ਤੋਂ ਬਾਅਦ ਇਕ ਸ਼ਾਹਕਾਰ ਨਾਟਕ ਖੇਡੇ ਗਏ। ਇਨ੍ਹਾਂ ਵਿਚ ਗੀਤਕਾਰ, ਨੁੱਕੜ ਨਾਟਕ, ਸਿਆਸੀ ਵਿਅੰਗ ਨਾਟਕ, ਪ੍ਰਤੀਕ ਨਾਟਕ ਅਤੇ ਵੱਡੇ ਕਲਾਸਕੀ ਪੱਧਰ ਦੇ ਨਾਟਕ ਸ਼ਾਮਲ ਸਨ। ਇਹ ਨਾਟਕ ਸਨ, ਸਵਰਾਜਬੀਰ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਵਲੋਂ ਪੇਸ਼ ਕੀਤਾ ਨਾਟਕ ਧਰਮ ਗੁਰੂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਰਾਮਾ ਡਿਪਾਰਟਮੈਂਟ ਵਲੋਂ ਸੰਤ ਸਿੰਘ ਸੇਖੋਂ ਦਾ ਲਿਖਿਆ ਨਾਟਕ ਵਾਰਿਸ, ਚਮਕੌਰ ਸਾਹਿਬ ਦੀ ਟੀਮ ਵਲੋਂ ਬਰੈਖਤ ਦਾ ਲਿਖਿਆ ਅਤੇ ਕੁਮਾਰ ਪਵਨਦੀਪ ਵਲੋਂ ਪੇਸ਼ ਕੀਤਾ ਨਾਟਕ ਮਿੱਟੀ ਨਾ ਹੋਏ ਮਤਰੇਈ, ਅਜਮੇਰ ਔਲਖ ਦਾ ਲੋਹੇ ਦਾ ਪੁੱਤਰ, ਮੁੱਲਾਂਪੁਰ ਦੀ ਟੀਮ ਵਲੋਂ ਭੀਸ਼ਮ ਸਾਹਨੀ ਦੇ ਨਾਵਲ ਤਮਸ ਉਤੇ ਆਧਾਰਤ ਦਲਬੀਰ ਸਿੰਘ ਦਾ ਨਾਟਕ, ਸ਼ਮਸੁਲ ਇਸਲਾਮ ਦੇ ਨੁੱਕਰ ਨਾਟਕ ਅਤੇ ਗੁਰਸ਼ਰਨ ਸਿੰਘ ਦਾ ਰਾਜਸੀ ਵਿਅੰਗ ਰਾਜ ਮਹਾਰਾਜਾ ਰਣਜੀਤ ਸਿੰਘ ਦਾ। ਇਸ ਤੋਂ ਇਲਾਵਾ ਸੁਮਨ ਲਤਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ ਬਦਲਾਓ ਵੀ ਪੇਸ਼ ਹੋਇਆ।

ਦਸ ਹਜ਼ਾਰ ਤੋਂ ਵੱਧ ਦਰਸ਼ਕਾਂ ਨੇ ਇਹ ਨਾਟਕ ਦੇਖੇ ਅਤੇ ਅਸ਼-ਅਸ਼ ਕਰ ਉਠੇ। ਕਿਸੇ ਵੇਲੇ ਆਈ.ਸੀ. ਨੰਦਾ, ਡਾ. ਹਰਚਰਨ ਸਿੰਘ, ਗੁਰਦਿਆਲ ਸਿੰਘ ਫੁੱਲ, ਬਲਵੰਤ ਗਾਰਗੀ, ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ ਆਦਿ ਨਾਟਕ ਲੇਖਕਾਂ ਵਲੋਂ ਲਿਖੇ ਅਤੇ ਖੇਡੇ ਜਾਣ ਵਾਲੇ ਨਾਟਕਾਂ ਦਾ ਚਰਚਾ ਹੁੰਦਾ ਸੀ। ਪਰ ਇਹ ਸਿਰਜਨਾਤਮਕ ਅਮਲ ਸਾਲ ਦੋ ਸਾਲ ਬਾਅਦ ਹੀ ਹੁੰਦਾ ਸੀ। ਇਸ ਮੇਲੇ ਵਿਚ ਇਕੋ ਰਾਤ ਐਸੇ ਨਾਟਕ ਖੇਡੇ ਗਏ ਜਿਨ੍ਹਾਂ ਨੇ ਪੰਜਾਬੀ ਨਾਟਕ ਨੂੰ ਇਕ ਐਸੇ ਸਥਾਨ 'ਤੇ ਲੈ ਆਂਦਾ ਹੈ ਜਿਸ ਦੀ ਪਹਿਲੇ ਮਿਸਾਲ ਨਹੀਂ ਮਿਲਦੀ।

ਡਾ. ਸਵਰਾਜਬੀਰ ਦਾ ਨਾਟਕ ਧਰਮਗੁਰੂ ਇਸ ਨਾਟਕ ਮੇਲੇ ਦਾ ਹਾਸਲ ਨਾਟਕ ਸੀ। ਸਵਰਾਜਬੀਰ ਮੁੱਖ ਤੌਰ 'ਤੇ ਇਕ ਕਵੀ ਹੈ। ਦਿੱਲੀ ਰਹਿੰਦਿਆਂ ਉਹਨੂੰ ਨਾਟਕ ਵਿਧਾ ਦੀਆਂ ਬਹੁ-ਪੱਖੀ ਸੰਭਾਵਨਾਵਾਂ ਦਾ ਅਹਿਸਾਸ ਹੋਇਆ ਅਤੇ ਇਸ ਪ੍ਰਤਿਭਾਸ਼ਾਲੀ ਲੇਖਕ ਨੇ ਪੰਜਾਬੀ ਸਾਹਿਤ ਨੂੰ ਧਰਮ ਗੁਰੂ ਨਾਟਕ ਦਿੱਤਾ। ਇਹ ਨਾਟਕ ਲਿਖਤੀ ਰੂਪ ਵਿਚ ਇਸ ਕਾਲਮ ਦੇ ਲੇਖਕ ਨੂੰ ਪੜ੍ਹਨ ਲਈ ਨਹੀਂ ਮਿਲਿਆ ਪਰ ਕੇਵਲ ਧਾਲੀਵਾਲ ਨੇ ਜਿਸ ਤਰ੍ਹਾਂ ਇਹਨੂੰ ਪੇਸ਼ ਕੀਤਾ ਹੈ ਉਸ ਅਨੁਸਾਰ ਇਹ ਉਚ ਬੌਧਿਕ ਪੱਧਰ ਦੀ ਕਿਰਤ ਦਾ ਪ੍ਰਮਾਣ ਦਿੰਦਾ ਹੈ। ਨਾਟਕਕਾਰ ਨੇ ਸਾਰੇ ਧਾਰਮਿਕ ਵਰਤਾਰੇ ਉਤੇ ਜਿਹੜਾ

## ਕਲਾ ਤੇ ਜ਼ਿੰਦਗੀ

**ਗੁਰਸ਼ਰਨ ਸਿੰਘ**



ਕਟਾਖਸ਼ ਕੀਤਾ ਹੈ, ਉਹ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਹੈ। ਵਾਰਤਾਲਾਪ ਰਾਹੀਂ ਉਸਾਰੀ ਗਈ ਨਾਟਕ ਟੱਕਰ ਅਤੇ ਸੰਵਾਦ ਸਿਖਰਾਂ ਛੂੰਹਦੇ ਸਨ। ਇਸ ਨਾਟਕ ਦੀ ਪੇਸ਼ਕਾਰੀ ਨਾਲ ਪੰਜਾਬੀ ਨਾਟਕ ਨੇ ਨਵੇਂ ਦਿਸਹੱਦੇ ਛੂਹੇ ਹਨ।

ਕਿਸੇ ਵੇਲੇ ਸੇਖੋਂ ਹੋਰਾਂ ਦੇ ਨਾਟਕਾਂ ਬਾਰੇ ਕਿਹਾ ਜਾਂਦਾ ਸੀ ਕਿ ਇਹ ਭਾਵੇਂ ਉਚ ਬੌਧਿਕ ਪੱਧਰ ਦੇ ਹਨ ਪਰ ਇਹ ਪੜ੍ਹਨ ਲਈ ਹੀ ਹਨ, ਸਟੇਜ ਨਹੀਂ ਕੀਤੇ ਜਾ ਸਕਦੇ। ਸੇਖੋਂ ਹੋਰਾਂ ਦਾ ਕਹਿਣਾ ਸੀ, ਜੇ ਪੰਜਾਬੀ ਨਾਟਕ ਹਾਲੇ ਢਾਈ ਫੱਟਿਆਂ ਦੀ ਸਟੇਜ ਤਕ ਮਹਿਦੂਦ ਹੈ ਤਾਂ ਜ਼ਰੂਰੀ ਨਹੀਂ ਕਿ ਨਾਟਕਕਾਰ ਆਪਣੀ ਰਚਨਾ ਨੂੰ ਜਾਂ ਕਲਪਨਾ ਨੂੰ ਉਥੋਂ ਤਕ ਸੀਮਤ ਰੱਖੇ। ਆਉਣ ਵਾਲੇ ਸਮੇਂ ਵਿਚ ਜਦੋਂ ਨਾਟਕ ਤਕਨੀਕੀ ਤੌਰ 'ਤੇ ਵਿਕਾਸ ਕਰੇਗਾ ਤਾਂ ਉਨ੍ਹਾਂ ਦੇ ਨਾਟਕਾਂ ਦੀ ਕੀਮਤ ਪਵੇਗੀ। ਕੇਵਲ ਧਾਲੀਵਾਲ ਵਲੋਂ ਧਰਮ ਗੁਰੂ ਦੀ ਪੇਸ਼ਕਾਰੀ ਸੇਖੋਂ ਹੋਰਾਂ ਦੇ ਕਹੇ ਸ਼ਬਦਾਂ ਦੀ ਪੁਸ਼ਟੀ ਕਰਦੀ ਹੈ। ਪੰਜਾਬੀ ਨਾਟਕ ਜ਼ਰੂਰ ਹੁਣ ਇਕ ਨਵੇਂ ਦੌਰ ਵਿਚ ਦਾਖਲ ਹੋ ਗਿਆ ਹੈ, ਭਾਵੇਂ ਢਾਈ ਫੱਟਿਆਂ ਦਾ ਅਵਾਮੀ ਥੀਏਟਰ ਵੀ ਆਪਣੀ ਲਾਭਦਾਇਕ ਭੂਮਿਕਾ ਸ਼ਕਤੀਸ਼ਾਲੀ ਤਰੀਕੇ ਨਾਲ ਨਿਭਾ ਰਿਹਾ ਹੈ।

ਅਜਮੇਰ ਔਲਖ ਸਾਡਾ ਇਕ ਐਸਾ ਨਾਟਕਕਾਰ ਹੈ ਜਿਸ ਬਾਰੇ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਉਹ ਪੇਂਡੂ ਨਾਟਕ ਖੇਤਰ ਵਿਚ ਵਿਸ਼ਵ ਪੱਧਰ ਦਾ ਨਾਟਕਕਾਰ ਹੈ। ਪੇਂਡੂ ਮੁਹਾਵਰੇ ਉਤੇ ਉਹਦੀ ਪੂਰੀ ਪਕੜ ਹੈ। ਉਹਦਾ ਨਵਾਂ ਨਾਟਕ 'ਲੋਹੇ ਦਾ ਪੁੱਤਰ' ਉਹਦੀ ਸਥਾਪਤ ਸ਼ੈਲੀ ਤੋਂ ਵੱਖਰਾ ਸੀ ਪਰ ਆਪਣੇ ਆਪ ਵਿਚ ਉਹ ਇਕ ਨਿਵੇਕਲੀ ਪ੍ਰਾਪਤੀ ਸੀ। ਪਾਸ਼ ਦੀ ਕਵਿਤਾ ਅਤੇ ਪਾਸ਼ ਦੀ ਜ਼ਿੰਦਗੀ ਨੂੰ ਆਧਾਰ ਮੰਨ ਕੇ ਇਕ ਐਸਾ ਨਾਟਕ ਉਸਾਰਿਆ ਗਿਆ ਹੈ ਜੋ ਦਰਸ਼ਕਾਂ ਨੂੰ ਲੰਬੀ ਦੇਰ ਤਕ ਯਾਦ ਰਹੇਗਾ। ਬਚਪਨ ਤੋਂ ਲੈ ਕੇ ਇਕ ਇਨਕਲਾਬੀ ਨੌਜਵਾਨ ਤਕ ਦੇ ਬਰਛਾ ਸਿੰਘ ਦੇ ਸਫਰ ਦੀ ਪੇਸ਼ਕਾਰੀ ਸਾਹਿਤ ਅਤੇ ਨਾਟਕ ਦਾ ਇਕ ਉਚਤਮ ਨਮੂਨਾ ਸੀ। ਪਾਸ਼ ਦੀ ਕਵਿਤਾ ਦੇ ਬੋਲ ਜਿਸ ਤਰ੍ਹਾਂ ਨਾਟਕ ਸਥਿਤੀਆਂ ਵਿਚ ਜੋੜੇ ਗਏ, ਉਹ ਪਾਸ਼ ਦੇ ਰਚਨਾ ਸੰਸਾਰ ਉਤੇ ਪੂਰਾ ਚਾਨਣ ਪਾਉਂਦੇ ਸਨ। ਔਲਖ ਦੇ ਇਸ ਨਾਟਕ ਨੇ ਇਹ ਸਥਾਪਤ ਕਰ ਦਿੱਤਾ ਹੈ ਕਿ ਕਿਸੇ ਵਿਚਾਰ ਨੂੰ ਇਕ ਸ਼ਕਤੀਸ਼ਾਲੀ ਨਾਟਕ ਦਾ ਰੂਪ ਕਿਸ ਤਰ੍ਹਾਂ ਦਿੱਤਾ ਜਾ ਸਕਦਾ ਹੈ। ਅਜਮੇਰ ਔਲਖ ਦੀ ਮੌਲਿਕਤਾ ਪੰਜਾਬੀ ਨਾਟਕ ਦਾ ਫਖਰ ਹੈ।

ਚਮਕੌਰ ਸਾਹਿਬ ਦੀ ਟੀਮ ਵਲੋਂ ਕੁਮਾਰ ਪਵਨਦੀਪ ਦੀ ਪੇਸ਼ਕਸ਼ ਮਿੱਟੀ ਨਾ ਹੋਏ ਮਤਰੇਈ ਇਸ ਮੇਲੇ ਦੀ ਇਕ ਹੋਰ ਪ੍ਰਾਪਤੀ ਸੀ। ਬਰੈਖਤ ਦੀ ਇਸ ਕਲਾਸਕੀ ਰਚਨਾ ਦਾ ਪੰਜਾਬੀ ਰੂਪ ਡਾ. ਅਮਿਤੋਜ ਦੀ ਦੇਣ ਹੈ। ਲੋਕ ਧੁਨਾਂ ਉਤੇ ਆਧਾਰਤ ਨਾਟਕ ਦੇ ਗੀਤਾਂ ਦੀ ਪੇਸ਼ਕਾਰੀ ਨਾਟਕ ਦੀ ਸ਼ਾਨ ਸੀ। ਇਸ ਨਾਟਕ ਦੀ ਪੇਸ਼ਕਾਰੀ ਵਿਚ ਪਟਿਆਲਾ ਯੂਨੀਵਰਸਿਟੀ ਦੇ ਡਰਾਮਾ ਡਿਪਾਰਟਮੈਂਟ ਦੇ ਸਾਬਕਾ ਵਿਦਿਆਰਥੀ ਜੁੜੇ ਹੋਏ ਸਨ। ਇਸ ਨਾਟਕ ਦੀ ਵਧੀਆ ਪੇਸ਼ਕਾਰੀ ਦੱਸਦੀ ਹੈ ਕਿ ਪੇਸ਼ਾਵਰ ਪੱਧਰ ਦੀ ਸਿਖਲਾਈ ਸਾਰਥਕ ਨਤੀਜੇ ਕੱਢਦੀ ਹੈ। ਅਦਾਕਾਰਾਂ ਦੀ ਅਦਾਕਾਰੀ ਇਸ ਨਾਟਕ ਦੀ ਸ਼ਕਤੀ ਸੀ। ਇਹ ਸ਼ਕਤੀ ਨਾਟਕ ਵਾਰਿਸ ਵਿਚ ਵੀ ਦਿਸਦੀ ਸੀ ਜੋ ਇਸੇ ਡਿਪਾਰਟਮੈਂਟ ਵਲੋਂ ਇਕ ਸਫਲ ਪੇਸ਼ਕਾਰੀ ਸੀ।

ਭੀਸ਼ਮ ਸਾਹਨੀ ਦੇ ਨਾਵਲ ਤਮਸ ਦੇ ਕੁਝ ਅੰਸ਼ ਮੁੱਲਾਂਪੁਰ ਦੀ ਟੀਮ ਵਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਥੱਲੇ ਪੇਸ਼ ਕੀਤੇ ਗਏ। ਮੁੱਲਾਂਪੁਰ ਦਾ ਗਰੁੱਪ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੀ ਇਕਾਈ ਹੈ। ਇਸ ਨਾਟਕ ਦੀ ਪੇਸ਼ਕਾਰੀ ਇਸ ਗਰੁੱਪ ਦੀ ਲੋਕ-ਪੱਖੀ ਵਚਨਬੱਧਤਾ ਦਾ ਪ੍ਰਮਾਣ ਸੀ।

ਇਸੇ ਮੇਲੇ ਵਿਚ ਪੇਸ਼ ਕੀਤੇ ਨਾਟਕਾਂ ਦੀ ਇਕ ਹੋਰ ਸਾਂਝੀ ਗੱਲ ਇਨ੍ਹਾਂ ਨਾਟਕਾਂ ਦੀ ਪ੍ਰਗਤੀਸ਼ੀਲ ਪਹੁੰਚ ਸੀ। ਨਾਟਕ ਭਾਵੇਂ ਧਰਮ ਗੁਰੂ ਸੀ ਜਾਂ ਰਾਜ ਮਹਾਰਾਜਾ ਰਣਜੀਤ ਸਿੰਘ ਦਾ ਸੀ ਜਾਂ ਨੁੱਕਰ ਨਾਟਕ ਸਨ, ਉਹ ਸਾਰੇ ਧਰਮਨਿਰਪੇਖਤਾ, ਜਮਹੂਰੀਅਤ, ਬਰਾਬਰੀ ਅਤੇ ਸਮਾਜਕ ਇਨਸਾਫ ਦੇ ਮਾਨਵੀ ਸੁਨੇਹੇ ਨੂੰ ਉਭਾਰਦੇ ਸਨ। ਜਮਹੂਰੀ ਲਹਿਰ ਲਈ ਗਦਰੀ ਬਾਬਿਆਂ ਦੇ ਮੇਲੇ ਵਿਚ ਹੋਏ ਇਹ ਨਾਟਕ ਇਕ ਵਰਦਾਨ ਸਨ ਅਤੇ 'ਕਲਾ ਲੋਕਾਂ ਲਈ ਹੈ', ਦਾ ਇਕ ਪ੍ਰਮਾਣ ਸਨ। ਕਲਾ ਖੇਤਰ ਵਿਚ ਵਾਪਰੀ ਇਹ ਘਟਨਾ ਸਾਡੇ ਸਲਾਮ ਦੀ ਹੱਕਦਾਰ ਹੈ।

14 NOV - 1998